# ਸਟੌਰਮਵਾਟਰ ਤਲਾਬਾਂ ਤੋਂ ਦੂਰ ਰਹੋ

## ਸਟੌਰਮਵਾਟਰ ਤਲਾਬ ਅਸੁਰੱਖਿਅਤ ਹਨ!

- ਤੂਫਾਨੀ ਵਰਖਾ ਦੇ ਦੌਰਾਨ ਪਾਣੀ ਦੇ ਲੈਵਲ ਬਹੁਤ ਜਲਦੀ ਉੱਪਰ ਉੱਠ ਸਕਦੇ ਹਨ।
- ਸਟੌਰਮਵਾਟਰ ਪ੍ਰਦੂਸ਼ਿਤ ਹੁੰਦਾ ਹੈ ਅਤੇ ਤੈਰਾਕੀ, ਬੋਟਿੰਗ ਜਾਂ ਫਿਸ਼ਿੰਗ ਲਈ ਠੀਕ ਨਹੀਂ ਹੁੰਦਾ।
- ਤਟਰੇਖਾ ਤਿਲਕਣ ਵਾਲੀ ਅਤੇ ਅਸਥਿਰ ਹੋ ਸਕਦੀ ਹੈ।



## ਸਟੌਰਮਵਾਟਰ ਤਲਾਬਾਂ ਦੇ ਨੇੜੇ ਸੁਰੱਖਿਅਤ ਕਿਵੇਂ ਰਿਹਾ ਜਾਵੇ

- ਸਾਲ ਦੇ ਕਿਸੇ ਵੀ ਸਮੇਂ, ਸਟੌਰਮਵਾਟਰ ਤਲਾਬਾਂ ਵਿੱਚ ਨਾ ਜਾਓ ਅਤੇ ਨਾ ਹੀ ਤੈਰਾਕੀ, ਫਿਸ਼ਿੰਗ ਜਾਂ ਬੋਟਿੰਗ ਕਰੋ।
- ਬੱਚਿਆਂ ਅਤੇ ਪਾਲਤੂ ਜਾਨਵਰਾਂ ਨੂੰ ਤਟਰੇਖਾ ਤੋਂ ਦੂਰ ਅਤੇ ਪਾਣੀ ਤੋਂ ਬਾਹਰ ਰੱਖੋ।
- ਤਲਾਬ ਦੇ ਨੇੜੇ ਚੱਲਦੇ ਹੋਏ ਨਿਯਤ ਟ੍ਰੇਲਾਂ ਤੇ ਰਹੋ।
- ਜਾਣੋ ਕਿ ਲਾਈਫਸੇਵਿੰਗ ਉਪਕਰਨ ਕਿੱਥੋਂ ਪ੍ਰਾਪਤ ਕੀਤਾ ਜਾਵੇ।
- ਕਿਸੇ ਵੀ ਗੁਆਚੇ ਲਾਈਫਸੇਵਿੰਗ ਉਪਕਰਨ ਦੀ 311 ਤੇ ਰਿਪੋਰਟ ਕਰੋ।





---

# ਖੁੱਲੇ ਪੂਲਸ ਅਤੇ ਬੀਚਸ ਤੇ ਤੈਰਾਕੀ ਕਰੋ!

ਸਿਟੀ ਆਫ ਬ੍ਰੈਂਪਟਨ ਵਿੱਚ ਸਵਿਮਿੰਗ ਪੂਲਸ ਅਤੇ ਸਪਲੈਸ਼ ਪੈਡਸ ਹਨ, ਜੋ ਪੂਰੇ ਬ੍ਰੈਂਪਟਨ ਵਿੱਚ ਉਪਲਬਧ ਹਨ।

**ਹੋਰ ਜਾਣਕਾਰੀ ਲਈ, ਸਾਡੇ ਸਵਿਮਿੰਗ (Swimming) ਵੈਬਪੇਜ ਤੇ ਜਾਓ।**

ਸਕੈਨ ਮੀ



311

**brampton.ca**

BRAMPTON

# ਸਟੌਰਮਵਾਟਰ ਤਲਾਬ ਸਬੰਧੀ ਸੁਰੱਖਿਆ

**ਸਟੌਰਮਵਾਟਰ ਤਲਾਬ, ਤੁਹਾਨੂੰ, ਤੁਹਾਡੇ ਘਰ ਨੂੰ, ਤੁਹਾਡੇ ਗਵਾਂਢ ਨੂੰ ਅਤੇ ਵਾਤਾਵਰਣ ਨੂੰ ਸਟੌਰਮਵਾਟਰ ਰਨਔਂਫ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਾਉਣ ਵਿੱਚ ਮਦਦ ਕਰਦੇ ਹਨ।**

## ਸਟੌਰਮਵਾਟਰ ਤਲਾਬ ਕੀ ਹੈ?

- ਉਹ ਆਸਪਾਸ ਦੇ ਘਰਾਂ, ਸੜਕਾਂ, ਡ੍ਰਾਈਵਵੇ, ਪਾਰਕਿੰਗ ਲੌਂਟਸ ਤੋਂ, ਸਟੌਰਮਵਾਟਰ ਰਨਔਂਫ ਅਤੇ ਸਨੋਮੈਲਟ ਨੂੰ ਇਕੱਤਰ ਕਰਕੇ ਰੋਕਦੇ ਹਨ।
- ਤਲਾਬ ਵਿੱਚ ਜਾਣ ਵਾਲਾ ਸਟੌਰਮਵਾਟਰ ਰਨਔਂਫ ਅਤੇ ਸਨੋਮੈਲਟ ਕਈ ਚੀਜ਼ਾਂ ਆਪਣੇ ਨਾਲ ਲੈ ਜਾਂਦਾ ਹੈ, ਜਿਵੇਂ ਸੜਕ ਦੇ ਨਮਕ, ਰੇਤ, ਪਾਲਤੂ ਜਾਨਵਰਾਂ ਸਬੰਧੀ ਕੂੜਾ, ਪੱਤੇ, ਐਂਟੀਫ੍ਰੀਜ਼, ਮੋਟਰ ਤੇਲ, ਡਿਟਰਜੈਂਟ ਅਤੇ ਕੂੜਾ।
- ਤਲਾਬ ਵਿੱਚ ਆਉਣ ਵਾਲਾ ਪ੍ਰਦੂਸ਼ਕ, ਤਲਾਬ ਦੇ ਹੇਠਲੇ ਹਿੱਸੇ ਵਿੱਚ ਬੈਠ ਸਕਦਾ ਹੈ।
- ਤਲਾਬ ਦੇ ਉੱਪਰਲੇ ਪਾਸੇ ਦੇ ਸਾਫ ਪਾਣੀ ਨੂੰ, ਸਾਡੀਆਂ ਨਦੀਆਂ ਅਤੇ ਸਟ੍ਰੀਮਸ ਵਿੱਚ ਛੱਡਿਆ ਜਾਂਦਾ ਹੈ।
- ਸਟੌਰਮਵਾਟਰ ਤਲਾਬ, ਹੜ੍ਹ ਅਤੇ ਜ਼ਮੀਨ ਦੀ ਕਾਟ ਰੋਕਣ ਵਾਸਤੇ ਹੌਲੀ-ਹੌਲੀ ਪਾਣੀ ਛੱਡਦੇ ਹਨ।
- ਰੁੱਖਾਂ, ਝਾੜੀਆਂ, ਕੁਦਰਤੀ ਖੇਤਰਾਂ, ਪੈਦਲ ਰਸਤਿਆਂ ਅਤੇ ਬੈਠਣ ਦੇ ਪਲੇਟਫਾਰਮਾਂ ਦੇ ਨਾਲ, ਸਟੌਰਮਵਾਟਰ ਤਲਾਬਾਂ ਦੀ ਸੁੰਦਰਤਾ ਵਿੱਚ ਵਾਧਾ ਹੁੰਦਾ ਹੈ, ਤਾਂ ਜੋ ਨਿਵਾਸੀ ਅਤੇ ਆਉਣ ਵਾਲੇ (ਵਿਜੀਟਰ) ਇਸ ਦ੍ਰਿਸ਼ ਦਾ ਅਨੰਦ ਮਾਣ ਸਕਣ।

## ਸਿਟੀ ਕੀ ਕਰਦੀ ਹੈ?

**ਸਿਟੀ ਆਫ ਬ੍ਰੈਂਪਟਨ ਵਿੱਚ 180 ਤੋਂ ਵੱਧ ਸਟੌਰਮਵਾਟਰ ਤਲਾਬ ਹਨ, ਜੋ ਤੁਹਾਡੀ ਅਤੇ ਵਾਤਾਵਰਣ ਦੀ ਰੱਖਿਆ ਕਰਨ ਵਿੱਚ ਮਦਦ ਕਰਦੇ ਹਨ। ਸਿਟੀ ਹੇਠਾਂ ਲਿਖੇ ਕੰਮਾਂ ਨਾਲ ਇਹਨਾਂ ਤਲਾਬਾਂ ਦੀ ਸਾਂਭ-ਸੰਭਾਲ ਕਰਦੀ ਹੈ:**

- ਹੇਠਾਂ ਦੀ ਮੈਲ ਹਟਾਉਣਾ
- ਸੁਰੱਖਿਅਤ ਹੋਣ ਤੇ ਤਲਾਬ ਵਿੱਚ ਅਤੇ ਇਸਦੇ ਆਸਪਾਸ ਦਾ ਮਲਬਾ ਹਟਾਉਣਾ
- ਆਕ੍ਰਮਕ ਵਨਸਪਤੀ ਹਟਾਉਣਾ
- ਗੇਟਸ ਅਤੇ ਵਾਲਵਸ ਵਰਗੇ ਸਟ੍ਰਕਚਰਾਂ ਦੀ ਸਾਂਭ-ਸੰਭਾਲ ਕਰਨਾ
- ਆਸਪਾਸ ਦੀ ਵਨਸਪਤੀ ਅਤੇ ਪੌਦਿਆਂ ਦੀ ਸਾਂਭ-ਸੰਭਾਲ ਕਰਨਾ
- ਵਨਸਪਤੀ ਨੂੰ ਬਦਲਣਾ
- ਕਾਟ ਨੂੰ ਰੋਕਣ ਲਈ ਕਿਨਾਰਿਆਂ ਨੂੰ ਸਥਿਰ ਬਣਾਉਣਾ
- ਤਲਾਬਾਂ ਦਾ ਨਿਰੀਖਣ ਕਰਨਾ

## ਤੁਸੀਂ ਕੀ ਕਰ ਸਕਦੇ ਹੋ?

- ਸਾਈਨ ਬੋਰਡਾਂ ਦੇ ਮੁਤਾਬਿਕ ਚੱਲੋ
- ਸਟੌਰਮਵਾਟਰ ਤਲਾਬਾਂ ਤੋਂ ਦੂਰ ਅਤੇ ਬਾਹਰ ਰਹੋ
- ਤਟਰੇਖਾ ਤੋਂ ਦੂਰ ਰਹੋ
- ਐਮਰਜੈਂਸੀ ਦੀ ਸਥਿਤੀ ਵਿੱਚ, 911 ਤੇ ਫੋਨ ਕਰੋ
- iOs ਅਤੇ Android ਲਈ, what3words ਮੁਫਤ ਮੋਬਾਈਲ ਐਪ ਡਾਊਨਲੋਡ ਕਰੋ

ਸਕੈਨ ਮੀ



311

brampton.ca

BRAMPTON